unitedsikhs-asia@unitedsikhs.org
Tel: 0091 (0) 95 606 45010
unitedsikhs-uk@unitedsikhs.org
Tel: (0044) (0) 870 1993328
unitedsikhs-france@unitedsikhs.org
Tel: 00 336 16 17 62 05
unitedsikhs-usa@unitedsikhs.org
Tel: 1-888-243-1690
unitedsikhs-canada@unitedsikhs.org
Tel: 1-905-672-2245
unitedsikhs-my@unitedsikhs.org
Tel: +6 012-2155966
unitedsikhs-kenya@unitedsikhs.org
Tel: +254 720 402727
unitedsikhs-aus@unitedsikhs.org
Tel: +61 3 9005 1894
unitedsikhs- ireland@unitedsikhs.org
Tel: +353 (0) 85 729 4425
unitedsikhs- belgium@unitedsikhs.org
Tel: (0032) 485 825 492

www.unitedsikhs.org
contact@unitedsikhs.org

UNITED SIKHS

*Recognise the Human Race as One*

*To transform underprivileged and minority communities and individuals into informed and vibrant members of society through civic, educational and personal development programmes.*

## ਤਾਲਿਬਾਨ ਦੁਆਰਾ ਸਿੱਖ ਦਾ ਸਿਰ ਕਲਮ ਕੀਤਾ ਗਿਆ – ਪਰਿਵਾਰ ਨੇ ਮਦਦ ਪ੍ਰਾਪਤ ਕੀਤੀ

*"ਅਸੀਂ ਹੁਣ ਜਸਪਾਲ ਸਿੰਘ ਦੇ ਚਾਰ ਛੋਟੇ ਛੋਟੇ ਬੱਚਿਆਂ ਦੀ ਸਿੱਖਿਆ ਦੇ ਲਈ ਫੰਡ ਦੇਣ ਲਈ ਅਪੀਲ ਕਰ ਰਹੇ ਹਾਂ। ਅਸੀਂ ਤੁਹਾਡੀ ਮਦਦ ਨਾਲ ਇਕ ਫੰਡ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਅਗਲੇ 10 ਸਾਲਾਂ ਜਾਂ ਇਸ ਤੋਂ ਵੀ ਵੱਧ ਸਮੇਂ ਦੇ ਲਈ ਉਨ੍ਹਾਂ ਦੀ ਸਿੱਖਿਆ ਵਿਚ ਸਹਾਇਤਾ ਕਰੇਗਾ। ਉਨ੍ਹਾਂ ਦਾ ਭਵਿੱਖ ਤੁਹਾਡੇ ਹੱਥ ਵਿਚ ਹੈ," ਇਹ ਗੱਲ ਯੂਨਾਈਟਡ ਸਿੱਖਸ ਦੇ ਪਾਕਿਸਤਾਨ ਵਿਚਲੇ ਸਹਾਇਤਾ ਸੰਯੋਜਕ ਹਰਦਿਆਲ ਸਿੰਘ ਨੇ ਕਹੀ।*



*ਸਿਰ ਕਲਮ ਕੀਤੇ ਜਸਪਾਲ ਸਿੰਘ ਦੇ ਬੱਚੇ ਵੀਡਿਓ ਰਾਹੀਂ ਅਪੀਲ ਕਰਦੇ ਹੋਏ*

ਤੁਸੀਂ **www.unitedsikhs.org/donate** ਤੇ ਆਨਲਾਈਨ ਜਾ ਕੇ ਦਾਨ ਦੇ ਸਕਦੇ ਹੋ ਜਾਂ **'Jaspal Singh's Children's Education'** ਨਿਸ਼ਾਨ ਲੱਗੇ ਚੈਕ ਨੂੰ **UNITED SIKHS** ਲਈ ਭੁਗਤਾਨਯੋਗ ਚੈਕ ਨੂੰ ਆਪਣੇ ਨਜ਼ਦੀਕੀ ਯੂਨਾਈਟਡ ਸਿੱਖਸ ਦੇ ਦਫ਼ਤਰ ਵਿਚ ਡਾਕ ਰਾਹੀਂ ਭੇਜੋ। ਸਾਡੇ ਦਫ਼ਤਰਾਂ ਦੇ ਵੇਰਵਿਆਂ ਦੇ ਲਈ **www.unitedsikhs.org/contact.php** ਦੇਖੋ।

*ਤੁਸੀਂ ਜਸਪਾਲ ਸਿੰਘ ਦੇ ਪਰਿਵਾਰ ਵੱਲੋਂ ਕੀਤੀ ਗਈ ਅਪੀਲ ਦੀ ਵੀਡਿਓ ਇੱਥੇ ਦੇਖ ਸਕਦੇ ਹੋ।*

18 ਜਨਵਰੀ 2011, ਪੇਸ਼ਾਵਰ, ਪਾਕਿਸਤਾਨ – ਇਸ ਗੱਲ ਨੂੰ ਇਕ ਸਾਲ ਹੋ ਚੁੱਕਾ ਹੈ ਜਦੋਂ ਜਸਪਾਲ ਸਿੰਘ ਦੇ ਪਰਿਵਾਰ ਨੇ ਉਨ੍ਹਾਂ ਦੇ 29 ਸਾਲ ਦੇ ਕਮਾਈ ਕਰਨ ਵਾਲੇ ਇਕੋ ਮੈਂਬਰ ਨੂੰ ਗੁਆ ਲਿਆ ਜਦੋਂ ਤਾਲਿਬਾਨ ਦੁਆਰਾ ਬੇਰਹਿਮੀ ਦੇ ਨਾਲ ਖੈਬਰ ਅਤੇ ਓਰਕਾਜ਼ਾਈ ਏਜੰਸੀਆਂ ਦੀ ਸਰਹੱਦ ਤੇ ਉਸਦਾ ਸਿਰ ਕਲਮ ਕਰ ਦਿੱਤਾ ਗਿਆ। ਵੈਸੇ ਯੁਨਾਈਟਡ ਸਿੱਖਸ ਉਸਦੇ ਪਰਿਵਾਰ ਨੂੰ ਭੁੱਲਿਆ ਨਹੀਂ ਹੈ ਅਤੇ ਬੈਂਕਾਕ ਦੇ ਸਿੱਖ ਭਾਈਚਾਰੇ ਜਿਸਨੇ ਕਿ ਪਿਛਲੇ ਮਹੀਨੇ ਉਨ੍ਹਾਂ ਦੀ ਕਰਿਆਨੇ ਦੇ ਦੁਕਾਨ ਨੂੰ ਸਥਾਪਤ ਕਰਨ ਦੇ ਲਈ 442,000 ਪਾਕਿਸਤਾਨੀ ਕਰੰਸੀ (ਤਕਰੀਬਨ £3,000 ਜਾਂ $5,000) ਦੀ ਮਦਦ ਕੀਤੀ ਅਤੇ ਪਿਛਲੇ ਸਾਲ ਉਨ੍ਹਾਂ ਦੇ ਬੱਚਿਆਂ ਦੇ ਸਕੂਲ ਦੀ ਫੀਸ ਦਾ ਭੁਗਤਾਨ ਵੀ ਕੀਤਾ।

ਜਸਪਾਲ ਸਿੰਘ ਅਤੇ ਉਸਦੇ ਹੋਰ ਦੋ ਰਿਸ਼ਤੇਦਾਰਾਂ ਨੂੰ ਤਾਲਿਬਾਨ ਉਗਰਵਾਦੀਆਂ ਦੁਆਰਾ ਅਗਵਾ ਕਰ ਲਿਆ ਗਿਆ ਸੀ ਜਦੋਂ ਉਹ ਪਿਛਲੇ ਸਾਲ ਆਪਣੇ ਪਰਿਵਾਰ ਨੂੰ ਮਿਲਣ ਖੈਬਰ ਏਜੰਸੀ ਜਾ ਰਹੇ ਸਨ। ਅਗਵਾਕਾਰਾਂ ਨੇ ਉਨ੍ਹਾਂ ਦੇ ਵਾਲ ਕੱਟ ਦਿੱਤੇ, ਜੋ ਕਿ ਕਿਸੇ ਸਿੱਖ ਦੁਆਰਾ ਬਿਨਾਂ ਕਟਾਇਆਂ ਰੱਖੇ ਜਾਂਦੇ ਹਨ, ਅਤੇ ਉਨ੍ਹਾਂ ਨੂੰ ਤਕਰੀਬਨ 41 ਦਿਨ ਤੱਕ ਕੈਦ ਦੇ ਵਿਚ ਰੱਖਿਆ। ਫਿਰ ਉਗਰਵਾਦੀਆਂ ਨੇ ਜਸਪਾਲ ਸਿੰਘ ਦਾ 20 ਫਰਵਰੀ 2010 ਨੂੰ ਸਿਰ ਕਲਮ ਕਰ ਦਿੱਤਾ। ਤੁਸੀਂ ਸਾਡੀ ਜਸਪਾਲ ਸਿੰਘ ਦਾ ਸਿਰ ਕਲਮ ਕਰਨ ਨਾਲ ਸੰਬੰਧਤ ਪੁਰਾਣੀ ਪ੍ਰੈਸ ਰੀਲਿਜ਼ ਨੂੰ ਇੱਥੇ http://www.unitedsikhs.org/PressReleases/PRSRLS-23-02-2010-00.html ਪੜ੍ਹ ਸਕਦੇ ਹੋ।

"ਜਸਪਾਲ ਸਿੰਘ ਦਾ ਪਰਿਵਾਰ ਉਸਦੀ ਵਿਧਵਾ ਅਤੇ ਚਾਰ ਬੱਚਿਆਂ ਨੂੰ ਸ਼ਾਮਲ ਕਰਦਾ ਹੈ – 13, 9 ਅਤੇ 6 ਸਾਲ ਦੇ ਤਿੰਨ ਲੜਕੇ ਅਤੇ ਇਕ ਦੋ ਸਾਲ ਦੀ ਬੇਟੀ। ਯੂਨਾਈਟਡ ਸਿੱਖਸ ਨੇ ਬੈਂਕਾਕ ਦੇ ਸਿੱਖ ਭਾਈਚਾਰੇ ਤੋਂ ਪ੍ਰਾਪਤ ਕੀਤੇ ਦਾਨ ਦੀ ਰਕਮ ਦੇ ਨਾਲ ਚੀਜ਼ਾਂ ਖ਼ੀਦ ਕੇ ਅਤੇ ਕਰਿਆਨੇ ਦੀ ਦੁਕਾਨ ਲਈ ਰਾਸ਼ੀ ਜਮ੍ਹਾਂ ਕਰਵਾ ਕੇ ਜਸਪਾਲ ਸਿੰਘ ਦੇ ਪਰਿਵਾਰ ਦੀ ਮਦਦ ਕੀਤੀ" ਯੂਨਾਈਟਡ ਸਿੱਖਸ ਦੇ ਪਾਕਿਸਤਾਨ ਵਿਚਲੇ ਸਹਾਇਤਾ ਸੰਯੋਜਕ ਹਰਦਿਆਲ ਸਿੰਘ ਨੇ ਕਿਹਾ।

"ਯੂਨਾਈਟਡ ਸਿੱਖਸ ਨੇ ਪਿਛਲੇ ਸਾਲ ਵੀ ਜਸਪਾਲ ਦੇ ਬੱਚਿਆਂ ਦੀ ਸਿੱਖਿਆ ਲਈ ਭੁਗਤਾਨ ਕੀਤਾ ਸੀ। ਅਸੀਂ ਹੁਣ 10 ਸਾਲ ਜਾਂ ਉਸ ਤੋਂ ਵੱਧ ਸਮੇਂ ਲਈ ਉਨ੍ਹਾਂ ਦੀ ਸਿੱਖਿਆ ਵਿਚ ਸਹਾਇਤਾ ਕਰਨ ਲਈ ਫੰਡਾਂ ਲਈ ਅਪੀਲ ਕਰ ਰਹੇ ਹਾਂ। ਉਨ੍ਹਾਂ ਦਾ ਭਵਿੱਖ ਸਾਡੇ ਹੱਥ ਵਿਚ ਹੈ" ਉਨ੍ਹਾਂ ਨੇ ਨਾਲ ਹੀ ਕਿਹਾ, ਮੌਜੂਦਾ ਸਮੇਂ ਉਨ੍ਹਾਂ ਦੀ ਸਕੂਲ ਦੀ ਸਿੱਖਿਆ ਦਾ ਖਰਚ £20 ($32) ਹੈ। ਤੁਸੀਂ ਇੱਥੇ ਜਸਪਾਲ ਦੇ ਪਰਿਵਾਰ ਵੱਲੋਂ ਕੀਤੀ ਗਈ ਅਪੀਲ ਦੀ ਵੀਡਿਓ ਦੇਖ ਸਕਦੇ ਹੋ।

"ਅਸੀਂ ਯੂਨਾਈਟਡ ਸਿੱਖਸ ਅਤੇ ਬੈਂਕਾਕ ਦੇ ਸਿੱਖ ਭਾਈਚਾਰੇ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਪਰਿਵਾਰ ਦੀ ਮਦਦ ਕੀਤੀ। ਅਸੀਂ ਇਸ ਗੱਲ ਨਾਲ ਪ੍ਰਭਾਵਿਤ ਹਾਂ ਕਿ ਸਿੱਖ ਭਾਈਚਾਰਾ ਸਾਡੇ ਘਾਟੇ ਨੂੰ ਭੁੱਲਿਆ ਨਹੀਂ ਹੈ।" ਜਸਪਾਲ ਦੇ 65 ਸਾਲ ਦੇ ਪਿਤਾ ਪਿਆਰਾ ਸਿੰਘ ਨੇ ਕਿਹਾ।

ਸ੍ਰੀ ਗੁਰੂ ਸਿੰਘ ਸਭਾ ਬੈਂਕਾਕ ਸੰਗਤ ਦੇ ਪ੍ਰਤੀਨਿਧੀ ਪਿੰਦਰਪਾਲ ਸਿੰਘ ਨੇ ਕਿਹਾ, "ਜਦੋਂ ਜਸਪਾਲ ਸਿੰਘ ਜੀ ਦੇ ਦੁਖਾਂਤ ਦੀ ਖਬਰ ਸਾਡੇ ਤੱਕ ਪਹੁੰਚੀ, ਸਾਡੇ ਹਿਰਦੇ ਇਸ ਪਰਿਵਾਰ ਦੇ ਲਈ ਪਿਘਲ ਗਏ। ਆਓ ਅਸੀਂ ਸਾਰੇ ਇਹ ਯਾਦ ਰੱਖੀਏ ਕਿ ਅਸੀਂ ਸਾਡੇ ਗੁਰੂ ਜੀ ਦੇ ਬੱਚੇ ਹਾਂ। ਅਸੀਂ ਸਾਰੇ ਆਪਣੇ ਭਰਾਵਾਂ ਦੀ ਸਹਾਇਤਾ ਕਰਦੇ ਹਾਂ"।

ਪਾਕਿਸਤਾਨ ਵਿਚਲੇ ਸਿੱਖਾਂ ਦੇ ਲਈ ਯੂਨਾਈਟਡ ਸਿੱਖਸ ਵੱਲੋਂ ਕੀਤੀਆਂ ਕੋਸ਼ਿਸ਼ਾਂ ਨੂੰ ਪੜ੍ਹਨ ਲਈ ਕਿਰਪਾ ਕਰਕੇ ਇੱਥੇ ਦੇਖੋ::
http://www.unitedsikhs.org/PressReleases/PRSRLS-06-10-2010-00.html

ਤੁਸੀਂ www.unitedsikhs.org/donate ਤੇ ਆਨਲਾਈਨ ਜਾ ਕੇ ਦਾਨ ਦੇ ਸਕਦੇ ਹੋ ਜਾਂ **'Jaspal Singh's Children's Education'** ਨਿਸ਼ਾਨ ਲੱਗੇ ਚੈਕ ਨੂੰ **UNITED SIKHS** ਲਈ ਭੁਗਤਾਨਯੋਗ ਚੈਕ ਨੂੰ ਆਪਣੇ ਨਜ਼ਦੀਕੀ ਯੂਨਾਈਟਡ ਸਿੱਖਸ ਦੇ ਦਫ਼ਤਰ ਵਿਚ ਡਾਕ ਰਾਹੀਂ ਭੇਜੋ। ਸਾਡੇ ਦਫ਼ਤਰਾਂ ਦੇ ਵੇਰਵਿਆਂ ਦੇ ਲਈ www.unitedsikhs.org/contact.php ਦੇਖੋ।

**ਜਾਰੀਕਰਤਾ:**
ਮਜਿੰਦਰਪਾਲ ਕੌਰ
ਨਿਰਦੇਸ਼ਕ
ਯੂਨਾਈਟਡ ਸਿੱਖਸ

Mejindarpal.kaur@unitedsikhs.org

Pro bono <a href="http://www.rosettatranslation.com/">translation services</a> provided by Rosetta Translation

ਮੁਫਤ ਤਰਜਮਾ ROSETTA TRANSLATION ਵੱਲੋਂ